ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355
Personal Loan Business Loan Home Line of Credit 905-965-4644
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
ਦੰਦਾਂ ਦੀ ਦੇਖਭਾਲ 647-625-7205

Kalm Language Development Foundation of North America ਦੀ ਇਸ ਮਹੀਨੇ ਦੀ ਮੀਟਿੰਗ 14 ਫ਼ਰਵਰੀ ਨੂੰ Ajit Bhawan ਵਿੱਚ

ਬਲਦੇਵ ਧਾਲੀਵਾਲ ਰਾਏਸਰ

ਮਿਸੀਸਾਗਾ: 14 ਫ਼ਰਵਰੀ ਦਿਨ ਸ਼ਨਿਚਰਵਾਰ ਨੂੰ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ **Kalm Language Development Foundation Of North America** ਵਲੋਂ ਸਾਹਿਤਕ ਪ੍ਰੋਗਰਾਮ ਅਤੇ ਮਹੀਨਾਵਾਰ ਮੀਟਿੰਗ **7015 Tranmere Drive, Unit 1 & 2 Mississuga** ਵਿਖੇ **Ajit Bhawan** 'ਚ **Prof. Darshan Singh Bains** ਯਾਦਗਾਰੀ ਹਾਲ 'ਚ ਹੋਣਗੇ। ਇਹ ਸਾਹਿਤਕ ਮਿਲਣੀ ਦੁਪਹਿਰ 1-4 ਵਜੇ ਦਰਮਿਆਨ ਹੋਵੇਗੀ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ **Kalm Language Development Foundation OF North America** ਦੇ ਸ੍ਰਪਰਸਤ ਕੰਵਲਜੀਤ ਕੌਰ ਬੈਂਸ ਨੇ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਅਜੀਤ ਭਵਨ 'ਚ ਕੀਤਾ।

ਉਨ੍ਹਾਂ ਨੇ ਕਲਮ ਲੈਂਗੁਏਜ ਨਾਲ ਚਿਰਾਂ ਤੋਂ ਜੁੜੇ ਪੁਰਾਣੇ ਮੈਂਬਰਾਂ ਅਤੇ ਖ਼ਾਸ ਕਰ ਕੇ ਕਲਮ ਆਜ਼ਮਾਈ ਕਰ ਰਹੇ ਨਵੇਂ ਉੱਭਰ ਰਹੇ ਨੌਜਵਾਨ ਕਵੀਆਂ ਅਤੇ ਕਵਿੱਤਰੀਆਂ ਨੂੰ ਕਿਹਾ ਕਿ ਉਸ ਦਿਨ ਉਹ ਜ਼ਰੂਰ ਇਸ ਕਵੀ ਦਰਬਾਰ 'ਚ ਹਾਜ਼ਰੀ ਭਰਣ। ਹਰ ਇੱਕ ਨੂੰ ਅਪਣੀ ਗੱਲ ਰੱਖਣ ਦਾ ਸਮਾਂ ਮਿਲੇਗਾ। ਕਵਿਤਾ ਗੀਤ ਜਾਂ ਭਾਸ਼ਣ ਉਸਾਰੂ ਅਤੇ ਸਾਰਥਕ ਹੋਣੇ ਚਾਹੀਦੇ ਹਨ। ਦੋ-ਅਰਥੀ ਗੀਤ ਜਾਂ ਕਵਿਤਾਵਾਂ ਬੋਲਣ 'ਤੇ ਪੂਰੀ ਪਾਬੰਦੀ ਹੈ।

ਸਟੇਜ ਸੰਚਾਲਨ ਹਰ ਵਾਰ ਵਾਂਗ ਨੀਟਾ ਬਲਵਿੰਦਰ ਵਲੋਂ ਅਪਣੇ ਵਿਲੱਖਣ ਅੰਦਾਜ਼ 'ਚ ਕੀਤਾ ਜਾਵੇਗਾ। ਹਰ ਇੱਕ ਨੂੰ ਸਟੇਜ ਤੋਂ ਆਪਣੀ ਰਚਨਾ ਬੋਲਣ ਦਾ ਸਮਾਂ ਮਿਲੇਗਾ। ਲੰਚ ਦਾ ਪ੍ਰਬੰਧ ਅਜੀਤ ਵੀਕਲੀ ਦਫ਼ਤਰ ਵਲੋਂ ਹੋਵੇਗਾ। ਸਾਰੇ ਮੈਂਬਰਾਂ ਨੇ ਸਹੀ ਸਮੇਂ 'ਤੇ ਪਹੁੰਚਣ ਦੀ ਬੇਨਤੀ ਹੈ ਤਾਂ ਕਿ ਸਹੀ ਸਮੇਂ 'ਤੇ ਸਮਾਪਤੀ ਕੀਤੀ ਜਾ ਸਕੇ। ਜ਼ਿਆਦਾ ਜਾਣਕਾਰੀ ਲਈ ਕੰਵਲਜੀਤ ਕੌਰ ਬੈਂਸ ਨਾਲ 416-899-2548, ਬਲਦੇਵ ਧਾਲੀਵਾਲ ਰਾਏਸਰ ਨਾਲ 905-588-9282 ਜਾਂ **Ajit Weekly** ਦੇ ਦਫ਼ਤਰ ਨਾਲ 905-671-4761 'ਤੇ ਸੰਪਰਕ ਕੀਤਾ ਜਾ ਸਕਦਾ ਹੈ।

Home Care Workers ਅਤੇ Nanies ਲਈ PR 416-848-3930
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦ ਲਗਵਾਓ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489

US detention ਸੈਂਟਰਾਂ 'ਚ ਪਰਵਾਸੀਆਂ ਦੀ ਹਾਲਤ ਤਰਸਯੋਗ

ਵਾਸ਼ਿੰਗਟਨ: ਅਮਰੀਕਾ ਦੇ ਇਮੀਗ੍ਰੇਸ਼ਨ ਹਿਰਾਸਤੀ ਕੇਂਦਰਾਂ (**Detention Centers**) 'ਚ ਬੰਦ ਹਜ਼ਾਰਾਂ ਪਰਵਾਸੀ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਸੂਤਰਾਂ ਅਨੁਸਾਰ ਫ਼ਲੋਰੀਡਾ ਅਤੇ ਟੈਕਸਸ ਵਰਗੇ ਸੂਬਿਆਂ 'ਚ ਸਥਿਤ ਇਨ੍ਹਾਂ ਕੇਂਦਰਾਂ 'ਚ ਮਾਨਵੀ ਸਹੂਲਤਾਂ ਦੀ ਭਾਰੀ ਕਮੀ ਹੈ। ਪਰਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਖਾਣੇ 'ਚ ਕੀੜੇ ਨਿਕਲ ਰਹੇ ਹਨ, ਟੌਇਲਟਾਂ ਫ਼ਲੱਸ਼ ਨਹੀਂ ਹੁੰਦੀਆਂ, ਅਤੇ ਹਰ ਪਾਸੇ ਗੰਦਗੀ ਅਤੇ ਮੱਛਰਾਂ ਦੀ ਭਰਮਾਰ ਹੈ।

ਰਾਸ਼ਟਰਪਤੀ ਡੌਨਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਲੰਬੇ ਸਮੇਂ ਤਕ ਹਿਰਾਸਤ 'ਚ ਰੱਖਣ ਦੇ ਮਾਮਲੇ ਵਧੇ ਹਨ। ਇੱਕ ਨਵੀਂ ਨੀਤੀ ਤਹਿਤ ਇਮੀਗ੍ਰੇਸ਼ਨ ਜੱਜਾਂ ਨੂੰ ਕੇਸ ਚੱਲਣ ਦੌਰਾਨ ਪਰਵਾਸੀਆਂ ਨੂੰ ਰਿਹਾਅ ਕਰਨ ਤੋਂ ਰੋਕ ਦਿੱਤਾ ਗਿਆ ਹੈ। ਹਾਲਾਂਕਿ ਸੁਪਰੀਮ ਕੋਰਟ ਨੇ 2001 'ਚ ਫ਼ੈਸਲਾ ਦਿੱਤਾ ਸੀ ਕਿ ਕਿਸੇ ਵੀ ਪਰਵਾਸੀ ਨੂੰ ਛੇ ਮਹੀਨਿਆਂ ਤੋਂ ਵੱਧ ਜਾਂ ਅਣਮਿੱਥੇ ਸਮੇਂ ਲਈ ਹਿਰਾਸਤ 'ਚ ਨਹੀਂ ਰੱਖਿਆ ਜਾ ਸਕਦਾ, ਪਰ ਫ਼ਿਰ ਵੀ ਹਜ਼ਾਰਾਂ ਲੋਕ ਸਾਲਾਂ ਤੋਂ ਬੰਦ ਹਨ।

ICE (ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫ਼ੋਰਸਮੈਂਟ) ਦੇ ਅੰਕੜਿਆਂ ਮੁਤਾਬਿਕ ਹਿਰਾਸਤ 'ਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਪਹਿਲੀ ਵਾਰ 70 ਹਜ਼ਾਰ ਤੋਂ ਪਾਰ ਹੋ ਗਈ ਹੈ। ਜਨਵਰੀ ਦੇ ਅੱਧ ਤਕ ਲਗਭਗ 7,252 ਲੋਕ ਘੱਟੋ-ਘੱਟ ਛੇ ਮਹੀਨਿਆਂ ਤੋਂ ਹਿਰਾਸਤ 'ਚ ਸਨ ਜਿਨ੍ਹਾਂ 'ਚੋਂ 79 ਲੋਕ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਬੰਦ ਹਨ।

ਦਰਦਨਾਕ ਕਹਾਣੀਆਂ: ਨਿਕਾਰਾਗੁਆ ਦਾ ਰਹਿਣ ਵਾਲਾ 34 ਸਾਲਾ ਨੌਜਵਾਨ ਫ਼ੈਲਿਪ ਹਰਨਾਂਡੇਜ਼ ਐਸਪਿਨੋਸਾ ਪਿਛਲੇ ਸੱਤ ਮਹੀਨਿਆਂ ਤੋਂ ਹਿਰਾਸਤ 'ਚ ਹੈ। ਉਹ ਇੰਨਾ ਪਰੇਸ਼ਾਨ ਹੋ ਚੁੱਕਾ ਹੈ ਕਿ ਉਸ ਨੇ ਪੰਜ ਵਾਰ ਆਪਣੇ ਦੇਸ਼ ਵਾਪਿਸ ਭੇਜਣ ਦੀ ਬੇਨਤੀ ਕੀਤੀ ਹੈ, ਪਰ ਉਸ ਨੂੰ ਜੱਜ ਸਾਹਮਣੇ ਪੇਸ਼ ਹੋਣ ਤਕ ਨਹੀਂ ਜਾਣ ਦਿੱਤਾ ਜਾ ਰਿਹਾ।

ਯਸ਼ਾਇਲ ਅਲਮੋਂਟੇ ਮੇਜੀਆ: ਡੋਮੀਨੀਕਨ ਰੀਪਬਲਿਕ ਦਾ ਇਹ ਨੌਜਵਾਨ ਅੱਠ ਮਹੀਨਿਆਂ ਤੋਂ ਹਿਰਾਸਤ 'ਚ ਹੈ। ਹਿਰਾਸਤ 'ਚ ਭੇਜੇ ਜਾਣ ਤੋਂ ਪਹਿਲਾਂ ਉਸ ਨੇ ਵਿਆਹ ਕਰਵਾਇਆ ਸੀ, ਅਤੇ ਹੁਣ ਉਹ ਇੱਕ ਧੀ ਦਾ ਪਿਓ ਵੀ ਬਣ ਗਿਆ ਜਿਸ ਨੂੰ ਉਸ ਨੇ ਅਜੇ ਤਕ ਦੇਖਿਆ ਵੀ ਨਹੀਂ।ਕਾਨੂੰਨੀ ਮਾਹਿਰਾਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਹਿਰਾਸਤੀ ਕੇਂਦਰਾਂ ਦੀ ਹਾਲਤ ਇੰਨੀ ਮਾੜੀ ਹੈ ਕਿ ਲੋਕ ਡੀਪੋਰਟ ਹੋਣ (ਦੇਸ਼ -ਨਿਕਾਲਾ) ਲਈ ਤਿਆਰ ਹਨ ਤਾਂ ਜੋ ਉਹ ਇਸ ਨਰਕ 'ਚੋਂ ਨਿਕਲ ਸਕਣ। ਕਈ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ ਜਿੱਥੇ ਲੋਕਾਂ ਨੇ ਆਪਣੇ ਇਮੀਗ੍ਰੇਸ਼ਨ ਕੇਸ ਜਿੱਤ ਲਏ ਹਨ, ਪਰ ਫ਼ਿਰ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਡਿਪਾਰਟਮੈਂਟ ਔਫ਼ ਹੋਮਲੈਂਡ ਸੈਕਿਓਰਿਟੀ ਨੇ ਇਸ ਸਬੰਧੀ ਪੁੱਛੇ ਗਏ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਹੈ। ਪਰਵਾਸੀਆਂ 'ਚ ਨਿਰਾਸ਼ਾ ਅਤੇ ਮਾਨਸਿਕ ਤਨਾਅ ਲਗਾਤਾਰ ਵੱਧ ਰਿਹਾ ਹੈ।

Meta ਦੇ ਐਲਗੋਰਿਦਮ ਨਾਲ ਬੱਚਿਆਂ ਦੇ ਜਿਣਸੀ ਸੋਸ਼ਣ ਦਾ ਖ਼ਤਰਾ

ਸਾਂਤਾ ਫ਼ੇਸ: ਸੋਸ਼ਲ ਮੀਡੀਆ ਦਿੱਗਜ **Meta**, ਜੋ ਕਿ ਫ਼ੇਸਬੁੱਕ, ਇੰਸਟਾਗ੍ਰਾਮ ਅਤੇ ਵ੍ਹਾਟਸਐਪ ਦੀ ਮਲਕੀਅਤ ਵਾਲੀ ਕੰਪਨੀ ਹੈ, ਨੂੰ ਅਮਰੀਕਾ ਦੇ ਨਿਊ ਮੈਕਸੀਕੋ 'ਚ ਇੱਕ ਗੰਭੀਰ ਕਾਨੂੰਨੀ ਲੜਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੋਮਵਾਰ ਤੋਂ ਸ਼ੁਰੂ ਹੋਈ ਇਸ ਸੁਣਵਾਈ 'ਚ **Meta** 'ਤੇ ਆਪਣੇ ਪਲੈਟਫ਼ੌਰਮਾਂ 'ਤੇ ਬੱਚਿਆਂ ਦੇ ਜਿਣਸੀ ਸ਼ੋਸ਼ਣ ਦੇ ਖ਼ਤਰਿਆਂ ਬਾਰੇ ਕਥਿਤ ਤੌਰ 'ਤੇ ਗ਼ੁਮਰਾਹਕੁਨ ਜਾਣਕਾਰੀ ਦੇਣ ਦੇ ਦੋਸ਼ਾਂ ਦੀ ਜਾਂਚ ਕੀਤੀ ਜਾਵੇਗੀ।

ਨਿਊ ਮੈਕਸੀਕੋ ਦੇ ਅਟਾਰਨੀ ਜਨਰਲ ਰਾਉਲ ਟੋਰੇਜ਼ ਦੁਆਰਾ 2023 'ਚ ਦਾਇਰ ਕੀਤੇ ਗਏ ਇਸ ਮੁਕਦਮੇ 'ਚ ਦਾਅਵਾ ਕੀਤਾ ਗਿਆ ਹੈ ਕਿ **Meta** ਦੇ ਐਲਗੋਰਿਦਮ ਅਜਿਹਾ ਮਾਹੌਲ ਬਣਾਉਂਦੇ ਹਨ ਜੋ ਅਪਰਾਧੀਆਂ ਲਈ ਬੱਚਿਆਂ ਦਾ ਸ਼ੋਸ਼ਣ ਕਰਨਾ ਆਸਾਨ ਬਣਾ ਦਿੰਦਾ ਹੈ। ਜਾਂਚ ਦੌਰਾਨ ਅਧਿਕਾਰੀਆਂ ਨੇ ਬੱਚਿਆਂ ਦੇ ਨਾਂ 'ਤੇ ਫ਼ਰਜ਼ੀ ਖਾਤੇ ਬਣਾਏ ਜਿਨ੍ਹਾਂ 'ਤੇ ਉਨ੍ਹਾਂ ਨੂੰ ਜਿਣਸੀ ਪ੍ਰਸਤਾਵ ਭੇਜੇ ਗਏ ਸਨ। ਪ੍ਰੋਸੀਕਿਊਸ਼ਨ ਪੱਖ ਦਾ ਦੋਸ਼ ਹੈ ਕਿ ਕੰਪਨੀ ਨੇ ਮੁਨਾਫ਼ਾ ਕਮਾਉਣ ਦੇ ਉਦੇਸ਼ ਨਾਲ ਬੱਚਿਆਂ ਦੀ ਮਾਨਸਿਕ ਸਿਹਤ ਅਤੇ ਸੁਰੱਖਿਆ ਨੂੰ ਖ਼ਤਰੇ 'ਚ ਪਾਇਆ ਅਤੇ ਇਨ੍ਹਾਂ ਖ਼ਤਰਨਾਕ ਪ੍ਰਭਾਵਾਂ ਬਾਰੇ ਜਾਣਕਾਰੀ ਜਨਤਕ ਨਹੀਂ ਕੀਤੀ ਜੋ ਕਿ ਉਪਭੋਗਤਾ ਸੁਰੱਖਿਆ ਕਾਨੂੰਨਾਂ ਦੀ ਉਲੰਘਣਾ ਹੈ।

ਦੂਜੇ ਪਾਸੇ **Meta** ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਕੰਪਨੀ ਨੇ ਜਾਂਚ ਪ੍ਰਕਿਰਿਆ ਨੂੰ ਨੈਤਿਕ ਤੌਰ 'ਤੇ ਸ਼ੱਕੀ ਦੱਸਦਿਆਂ ਦੋਸ਼ ਲਾਇਆ ਹੈ ਕਿ ਜਾਂਚ 'ਚ ਬੱਚਿਆਂ ਦੀਆਂ ਫ਼ੋਟੋਆਂ ਦੀ ਵਰਤੋਂ ਕੀਤੀ ਗਈ ਅਤੇ ਡੇਟਾ ਨਸ਼ਟ ਕੀਤਾ ਗਿਆ। **Meta** ਦਾ ਕਹਿਣਾ ਹੈ ਕਿ ਉਹ ਲੰਬੇ ਸਮੇਂ ਤੋਂ ਬੱਚਿਆਂ ਦੀ ਸੁਰੱਖਿਆ ਲਈ ਵਚਨਬੱਧ ਹੈ, ਅਤੇ ਉਸ ਨੇ ਕਈ ਸੁਰੱਖਿਆ ਫ਼ੀਚਰ ਵਿਕਸਿਤ ਕੀਤੇ ਹਨ। ਅਜੇ ਇਹ ਸਪੱਸ਼ਟ ਨਹੀਂ ਹੈ ਕਿ **Meta** ਦੇ ਮੁੱਖ ਕਾਰਜਕਾਰੀ ਅਧਿਕਾਰੀ ਮਾਰਕ ਜ਼ਕਰਬਰਗ ਇਸ ਮਾਮਲੇ 'ਚ ਗਵਾਹੀ ਦੇਣਗੇ ਜਾਂ ਨਹੀਂ।

ਮੰਗਲ 'ਤੇ ਨਹੀਂ, ਪਹਿਲਾਂ ਚੰਨ 'ਤੇ ਵਸਾਵਾਂਗੇ ਸ਼ਹਿਰ - Musk

ਨਿਊ ਯੌਰਕ: ਸਪੇਸਐੱਕਸ ਅਤੇ ਟੈੱਸਲਾ ਦੇ ਸੰਸਥਾਪਕ ਤੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਈਲੌਨ ਮਸਕ ਨੇ ਮੰਗਲ 'ਤੇ ਕਾਲੋਨੀ ਵਸਾਉਣ ਦੀ ਆਪਣੀ ਰਣਨੀਤੀ 'ਚ ਵੱਡਾ ਬਦਲਾਅ ਕੀਤਾ ਹੈ। ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਉਹ ਹੁਣ ਮੰਗਲ ਗ੍ਰਹਿ ਤੋਂ ਪਹਿਲਾਂ ਚੰਦਰਮਾ 'ਤੇ ਇੱਕ ਆਤਮ-ਨਿਰਭਰ ਸ਼ਹਿਰ ਸਥਾਪਤ ਕਰਨ ਨੂੰ ਪਹਿਲ ਦੇ ਰਹੇ ਹਨ। ਮਸਕ ਅਨੁਸਾਰ ਚੰਦਰਮਾ 'ਤੇ ਇੱਕ ਖ਼ੁਦ ਵਿਕਸਿਤ ਹੋਣ ਵਾਲਾ ਸ਼ਹਿਰ 10 ਸਾਲਾਂ ਤੋਂ ਵੀ ਘੱਟ ਸਮੇਂ 'ਚ ਬਣਾਇਆ ਜਾ ਸਕਦਾ ਹੈ ਜਦੋਂ ਕਿ ਮੰਗਲ 'ਤੇ ਅਜਿਹੀ ਬਸਤੀ ਵਸਾਉਣ 'ਚ 20 ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਚੰਦਰਮਾ ਧਰਤੀ ਦੇ ਬਹੁਤ ਨੇੜੇ ਹੈ ਜਿੱਥੇ ਪਹੁੰਚਣ ਲਈ ਸਿਰਫ਼ ਦੋ ਤੋਂ ਤਿੰਨ ਦਿਨ ਲੱਗਦੇ ਹਨ ਜਦੋਂ ਕਿ ਮੰਗਲ ਦੀ ਯਾਤਰਾ 'ਚ ਛੇ ਤੋਂ ਨੌਂ ਮਹੀਨੇ ਲੱਗ ਸਕਦੇ ਹਨ। ਇਸ ਤੋਂ ਇਲਾਵਾ ਚੰਦਰਮਾ ਲਈ ਹਰ ਕੁਝ ਦਿਨਾਂ ਬਾਅਦ ਮਿਸ਼ਨ ਭੇਜਿਆ ਜਾ ਸਕਦਾ ਹੈ, ਪਰ ਮੰਗਲ ਲਈ ਸਿਰਫ਼ ਹਰ 26 ਮਹੀਨਿਆਂ ਬਾਅਦ ਹੀ ਮੌਕਾ ਮਿਲਦਾ ਹੈ।

ਮਸਕ ਦਾ ਇਹ ਨਵਾਂ ਪਲਾਨ ਨਾਸਾ ਦੇ ਆਰਟੈਮਿਸ ਪ੍ਰੋਗਰਾਮ ਅਤੇ ਅਮਰੀਕੀ ਪ੍ਰਸ਼ਾਸ਼ਨ ਦੀ ਚੰਦਰਮਾ 'ਤੇ ਮੁੜ ਜਾਣ ਦੀ ਨੀਤੀ ਦੇ ਅਨੁਕੂਲ ਹੈ। ਸਪੇਸਐੱਕਸ ਦਾ ਸਟਾਰਸ਼ਿਪ ਰਾਕਟ ਇਸ ਮੁਹਿੰਮ 'ਚ ਲੂਨਰ ਲੈਂਡਰ ਵਜੋਂ ਅਹਿਮ ਭੂਮਿਕਾ ਨਿਭਾਏਗਾ।

ਕੰਪਨੀ ਹੁਣ ਮਾਰਚ 2027 ਤਕ ਚੰਦਰਮਾ 'ਤੇ ਇੱਕ ਬਿਨਾਂ ਇਨਸਾਨ ਵਾਲੀ ਲੈਂਡਿੰਗ ਕਰਨ ਦੀ ਤਿਆਰੀ ਕਰ ਰਹੀ ਹੈ। ਭਾਵੇਂ ਚੰਦਰਮਾ ਫ਼ਿਲਹਾਲ ਤਰਜੀਹ ਹੈ, ਪਰ ਮਸਕ ਨੇ ਕਿਹਾ ਹੈ ਕਿ ਮੰਗਲ 'ਤੇ ਸ਼ਹਿਰ ਵਸਾਉਣ ਦੀ ਯੋਜਨਾ ਨੂੰ ਪੂਰੀ ਤਰ੍ਹਾਂ ਨਹੀਂ ਛੱਡਿਆ ਗਿਆ, ਅਤੇ ਉਸ 'ਤੇ ਲਗਭਗ ਪੰਜ ਤੋਂ ਸੱਤ ਸਾਲਾਂ 'ਚ ਕੰਮ ਸ਼ੁਰੂ ਹੋ ਸਕਦਾ ਹੈ।ਇਹ ਰਣਨੀਤਕ ਤਬਦੀਲੀ ਸਪੇਸਐਕਸ ਦੇ ਸੰਭਾਵੀ **IPO** ਨਾਲ ਵੀ ਜੁੜੀ ਹੋ ਸਕਦੀ ਹੈ ਜੋ ਕਿ 2026 ਦੇ ਮੱਧ ਤਕ ਆ ਸਕਦਾ ਹੈ, ਅਤੇ ਕੰਪਨੀ ਦੀ ਕੀਮਤ ਨੂੰ 1.5 ਟ੍ਰਿਲੀਅਨ ਡਾਲਰਜ਼ ਤਕ ਪਹੁੰਚਾ ਸਕਦਾ ਹੈ। ਮਸਕ ਦਾ ਮੰਨਣਾ ਹੈ ਕਿ ਚੰਦਰਮਾ 'ਤੇ ਪਹਿਲਾਂ ਬੇਸ ਬਣਾਉਣ ਨਾਲ ਤਕਨੀਕਾਂ ਦੀ ਜਾਂਚ ਕਰਨਾ ਸੌਖਾ ਹੋਵੇਗਾ ਜੋ ਭਵਿੱਖ 'ਚ ਮਨੁੱਖਤਾ ਨੂੰ ਹੋਰ ਗ੍ਰਹਿਆਂ ਤਕ ਲਿਜਾਣ 'ਚ ਮਦਦਗਾਰ ਸਾਬਿਤ ਹੋਵੇਗਾ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700

White House Canada
12 Bedrooms, 7 Bathrooms for 24 guests
with a Party Hall for 100 invitees in Brampton

ਇਸ ਘਰ 'ਚ ਉਪਲਬਧ ਹਨ 12 ਬੈਡਰੂਮਜ਼, 2 ਲਿਵਿੰਗ ਰੂਮਜ਼, 7 ਵਾਸ਼ਰੂਮਜ਼, ਫ਼ੁੱਲ ਕਿਚਨ, ਡਾਈਨਿੰਗ ਏਰੀਆ ਅਤੇ ਪਾਰਟੀ ਹਾਲ। ਰਹਿਣ ਲਈ ਕਮਰੇ ਬਰੈਂਪਟਨ ਸਿਟੀ ਦੀਆਂ ਹਿਦਾਇਤਾਂ ਅਨੁਸਾਰ।

The property has 12 bedrooms, 2 living rooms, 7 washrooms (mostly en-suite), full kitchen and dining area . Rooms available according to the city of Brampton guidelines.

Contact 905-965-4644
To Book WHITE HOUSE CANADA
www. whitehousecanada.com

LAW OFFICE AMAN SHARMA
REAL ESTATE (Residential/Commercial)
✷ BUSINESS PURCHASE AND SALE
✷ COMMERCIAL LEASE
✷ 2ND MORTGAGE, RE FINANCE
✷ FRANCHISE BUSINESS PURCHASE & SALE.
✷ IMMIGRATION SERVICES
✷ NOTARIZATION, AFFIDAVITS, WILLS & POWER OF ATTORNEY

AMAN SHARMA
Barrister, Solicitor & Notary Public
Tel: 905-913-2355 Fax: 905-913-2344
Email: info@lawofficeamansharma.ca
25 Cherrycrest Drive, Unit # 6, Brampton, Ontario, L6P 3W4

Loans Loans Loans
• Personal or Business Loan
• Home Equity Line of Credit
• Personal Line of Credit
• ਪੜ੍ਹਾਈ ਲਈ OSAP Loan
• Bad Credit ਠੀਕ ਕਰਾਉਣ
ਬਾਰੇ ਮੁਫ਼ਤ ਸਲਾਹ ਲਈ ਫ਼ੋਨ ਕਰੋ
Call SunnyB
905-965-4644